**ਸੰਵਾਦ-23** (ਜਨਵਰੀ-ਜੂਨ 2026)

## ਵਿਸ਼ੇਸ਼ ਅੰਕ- ਗੁਰੂ ਨਾਨਕ ਦੇਵ ਜੀ : ਜੀਵਨ, ਬਾਣੀ ਤੇ ਫ਼ਲਸਫ਼ਾ

---

**ਸੰਵਾਦ** ਦਾ ਆਉਣ ਵਾਲਾ 23ਵਾਂ ਅੰਕ ਸਿੱਖ ਧਰਮ ਦੇ ਸੰਸਥਾਪਕ ਅਤੇ ਆਧੁਨਿਕ ਭਾਰਤ ਦੇ ਮਹਾਨ ਮਨੁੱਖਤਾਵਾਦੀ ਚਿੰਤਕ **ਗੁਰੂ ਨਾਨਕ ਦੇਵ ਜੀ** ਦੇ ਜੀਵਨ, ਸਿਧਾਂਤ, ਉਦਾਸੀਆਂ, ਉਨ੍ਹਾਂ ਦੀ ਬਾਣੀ ਤੇ ਵਿਚਾਰਧਾਰਾ ਨੂੰ ਸਮਰਪਿਤ ਹੋਵੇਗਾ। ਇਹ ਅੰਕ ਗੁਰੂ ਨਾਨਕ ਦੇਵ ਜੀ ਦੀ ਅਮੀਰ ਵਿਰਾਸਤ ਅਤੇ ਅਦੁੱਤੀ ਦੇਣ ਨੂੰ ਨਵੇਂ ਸਮੇਂ ਦੇ ਸੰਦਰਭ ਵਿਚ ਸਮਝਣ ਤੇ ਵਿਆਖਿਆ ਕਰਨ ਦਾ ਇਕ ਸਨਿਮਰ ਯਤਨ ਹੋਵੇਗਾ। ਅਜੋਕਾ ਸਮਾਂ ਬੜੇ ਸੰਕਟ-ਗ੍ਰਸਤ ਸਮੇਂ ਦੇ ਤੌਰ 'ਤੇ ਪਛਾਣਿਆ ਜਾ ਰਿਹਾ ਹੈ। ਗੁਰੂ ਕਾਲ ਵਾਂਗ, ਅੱਜ ਦੇ ਯੁਗ ਵਿਚ ਵੀ ਫਿਰ ਭੈਅ, ਵੈਰ, ਨਿਰਦਈਅਤਾ, ਕਾਇਰਤਾ ਤੇ ਕੂੜ ਦੇ ਹਨੇਰ ਵਿਚ ਸੱਚ ਦਾ ਚੰਦਰਮਾ ਦਿਸ ਨਹੀਂ ਰਿਹਾ। ਲੋਕ ਗਿਆਨ ਵਿਹੂਣੇ ਹੋਏ ਵਿਕੁੰਨੇ ਹੋਏ ਪਏ ਹਨ। ਪੰਜਾਬ ਦੀਆਂ ਸਮੱਸਿਆਵਾਂ ਅੱਜ ਗੰਭੀਰ ਸੰਕਟ ਬਣ ਗਈਆਂ ਹਨ। ਪੰਜਾਬ ਹਨੇਰੇ 'ਚ ਡੁਬਦਾ ਜਾ ਰਿਹਾ ਹੈ, ਇਸ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਦਿਸ ਰਿਹਾ; "ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥" ਵਰਤਮਾਨ ਸੰਕਟਾਂ ਜਾਂ ਚੁਣੌਤੀਆਂ ਨੂੰ ਨਜਿੱਠਣ ਲਈ ਅਤੇ ਨਵੀਂ ਪੀੜ੍ਹੀ ਦਾ ਤਨ ਤੇ ਮਨ ਤਕੜਾ ਕਰਨ ਲਈ ਗੁਰੂ ਨਾਨਕ ਬਾਣੀ ਸਾਨੂੰ ਸਹੀ ਰਾਹ ਦਿਖਾਉਂਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦਾ ਮੁੱਢ ਬੰਨਦਿਆਂ ਕਿਰਤ, ਹੱਕ-ਸੱਚ ਨਿਆਂ ਤੇ ਮਜ਼ਲੂਮਾਂ ਦੇ ਪੱਖ ਵਿਚ ਖੜ੍ਹਨ ਵਰਗੇ ਅਨੇਕਾਂ ਆਦਰਸ਼ਾਂ ਦੀ ਗੱਲ ਕੀਤੀ ਅਤੇ ਪਹਿਲਾਂ ਲੋਧੀਆਂ ਤੇ ਫਿਰ ਬਾਬਰ ਦੇ ਸਮੇਂ ਉਨ੍ਹਾਂ ਆਦਰਸ਼ਾਂ ਉਪਰ ਚਲ ਕੇ ਵੀ ਵਿਖਾਇਆ। ਉਨ੍ਹਾਂ ਜਬਰ-ਜ਼ੁਲਮ ਦੇ ਖਿਲਾਫ ਅਵਾਜ਼ ਉਠਾਈ ਅਤੇ ਹਕੂਮਤਾਂ ਦੁਆਰਾ ਸਿਰਜੇ ਭੈਅ ਦੇ ਮਾਹੌਲ ਵਿਚੋਂ ਮਨੁੱਖ ਨੂੰ ਕੱਢਣ ਲਈ ਭੈਮੁਕਤੀ ਦੇ ਪ੍ਰਵਚਨ ਸਿਰਜੇ । ਸਿੱਖ ਸਿਧਾਂਤ ਤੇ ਅਮਲ, ਸਿੱਖ ਇਤਿਹਾਸ ਇਕ ਦੂਜੇ ਦੇ ਪੂਰਕ ਹਨ।

ਗੁਰੂ ਨਾਨਕ ਬਾਣੀ ਅਜਿਹਾ ਮਨੁੱਖ ਸਿਰਜਣ ਦੇ ਆਹਰ ਵਿਚ ਹੈ ਜੋ ਨਿਰਭਉ, ਨਿਰਵੈਰ, ਸਚਿਆਰ, ਸਾਹਸੀ ਤੇ ਦਇਆਵਾਨ ਹੋਵੇ ਤੇ ਕੂੜ ਦੇ ਹਨੇਰ ਵਿਚ ਸੱਚ ਦਾ ਰਾਹ ਲੱਭ ਸਕਦਾ ਹੋਵੇ। ਅਜਿਹੇ ਨਵ ਉਸਰੇ ਬੰਦਿਆਂ ਦੀ ਪੰਜਾਬ ਨੂੰ ਅਜ ਬਹੁਤ ਲੋੜ ਹੈ। ਗੁਰੂ ਨਾਨਕ ਚਿੰਤਨ ਦੀ ਰੌਸ਼ਨੀ ਵਿਚ ਖੇਤੀ, ਪਾਣੀ, ਜ਼ਮੀਨ, ਵਿਉਪਾਰ, ਰੁਜ਼ਗਾਰ, ਉਦਯੋਗ ਹਵਾ ਅਤੇ ਵਿਵਸਥਾ ਠੀਕ ਕੀਤੀ ਜਾ ਸਕਦੀ ਹੈ। ਚਾਰੇ ਪਾਸੇ ਫੈਲੀ ਨਿਰਾਸ਼ਾ ਤੇ ਭੈਅ ਦੇ ਮਾਹੌਲ ਨੂੰ ਬਦਲਿਆ ਜਾ ਸਕਦਾ ਹੈ ਅਤੇ ਪੰਜਾਬ ਦੀ ਖੁਸ਼ਹਾਲੀ ਤੇ ਗੌਰਵਸ਼ੀਲ ਪਛਾਣ ਨੂੰ ਮੁੜ ਬਹਾਲ ਕੀਤਾ ਜਾ ਸਕਦਾ ਹੈ।

ਸੋ ਗੁਰੂ ਨਾਨਕ ਚਿੰਤਨ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ, ਅਸ਼ਾਂਤ ਤੇ ਹੜਬੜੀ 'ਚ ਉਲਝੀ ਸਮੁੱਚੀ ਦੁਨੀਆਂ ਨੂੰ ਬੇਹਤਰੀਨ ਸਭਿਅਤਾ, ਸਮਾਜ ਤੇ ਸਭਿਆਚਾਰ ਸਿਰਜਣ ਦੇ ਵਿਹਾਰਕ ਰਾਹੇ ਪਾ ਸਕਦੀਆਂ ਹਨ, ਜੋ ਕਿਰਤ, ਹੱਕ-ਸੱਚ, ਨਿਆਂ, ਵੰਡ ਛਕਣ, ਬਰਾਬਰਤਾ, ਸਰਬੱਤ ਦੇ ਭਲੇ ਅਤੇ ਸਰਬ ਸਾਂਝੀਵਾਲਤਾ ਦੇ ਦੁਆਲੇ ਪੁਨਰ-ਨਿਰਮਤ ਹੋਵੇਗਾ।

**ਸੰਵਾਦ** - ਗੁਰੂ ਨਾਨਕ ਦੇਵ ਜੀ: ਜੀਵਨ ਬਾਣੀ ਤੇ ਫ਼ਲਸਫ਼ਾ

**ਉਪ-ਵਿਸ਼ੇ :**

## I. ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਇਤਿਹਾਸਕ ਪਿਛੋਕੜ

- ਪੰਦਰਵੀਂ–ਸੋਲਵੀਂ ਸਦੀ ਦੇ ਪੰਜਾਬ ਦਾ ਸਮਾਜਿਕ ਤੇ ਰਾਜਨੀਤਿਕ ਪਰਿਪੇਖ
- ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਧਾਰਮਿਕ ਤੇ ਸੁਧਾਰਕ ਅੰਦੋਲਨ
- ਗੁਰੂ ਨਾਨਕ ਜੀਵਨ: ਇਤਿਹਾਸਕ ਸਰੋਤ ਤੇ ਜਨਮ-ਸਾਖੀਆਂ

## II. ਗੁਰੂ ਨਾਨਕ ਦੀਆਂ ਉਦਾਸੀਆਂ

- ਚਾਰ ਉਦਾਸੀਆਂ ਦੀ ਭੂਗੋਲਿਕ ਤੇ ਸਭਿਆਚਾਰਕ ਯਾਤਰਾ ਦਾ ਵਿਸ਼ਲੇਸ਼ਣ
- ਗੁਰੂ ਨਾਨਕ ਦੇਵ ਜੀ ਦੇ ਸੂਫ਼ੀ, ਯੋਗੀ ਤੇ ਸੰਤ ਧਾਰਾਵਾਂ ਨਾਲ ਸੰਵਾਦ
- ਗੁਰੂ ਨਾਨਕ ਅਤੇ ਭਗਤੀ ਕਾਵਿ: ਬਹੁਪੱਖੀ ਸੰਵਾਦ
- ਲੋਕ-ਕਲਾ ਤੇ ਚਿੱਤਰਕਲਾ ਵਿਚ ਉਦਾਸੀਆਂ ਦੀ ਪੇਸ਼ਕਾਰੀ

## III. ਕਰਤਾਰਪੁਰ ਵਸੇਬਾ;

- ਕਿਰਤ ਤੇ ਨਾਮ ਦੇ ਸੁਮੇਲ ਵਜੋਂ
- ਕਿਰਤੀਆਂ ਨਾਲ ਸੰਗ-ਸਾਥ (ਭਾਈ ਮਰਦਾਨਾ ਤੇ ਭਾਈ ਲਾਲੋ ਆਦਿ ਦੇ ਪ੍ਰਸੰਗ ਵਿਚ)
- 20 ਰੁ: ਦਾ ਲੰਗਰ, ਲੰਗਰ ਪ੍ਰਥਾ ਅਤੇ ਬਰਾਬਰੀ ਦਾ ਸੰਕਲਪ
- ਵੰਡ ਛਕਣਾ/ਲੰਗਰ ਪ੍ਰਥਾ ਤੇ ਸਮਾਜਕ ਵਿਵਸਥਾ
- ਸ਼੍ਰੇਣੀਆਂ/ਜਾਤ-ਪਾਤ ਆਧਾਰਿਤ ਵੰਡਾਂ ਵਾਲਾ ਸਮਾਜ ਅਤੇ ਸਿੱਖ ਸਰਬ ਸਾਂਝੀਵਾਲਤਾ।

## IV. ਗੁਰੂ ਨਾਨਕ ਬਾਣੀ

- ਗੁਰੂ ਨਾਨਕ ਬਾਣੀ ਦੀ ਭਾਸ਼ਾ, ਕਾਵਿ-ਰੂਪ ਅਤੇ ਸ਼ੈਲੀ
- ਜਪੁਜੀ ਸਾਹਿਬ, ਸਿਧ ਗੋਸਟਿ, ਆਸਾ ਦੀ ਵਾਰ ਆਦਿ ਦਾ ਵਿਸ਼ਲੇਸ਼ਣਾਤਮਕ ਅਧਿਐਨ
- ਗੁਰੂ ਨਾਨਕ ਬਾਣੀ ਵਿਚ ਸੱਚ, ਹੁਕਮ, ਨਾਮ, ਨਦਰ, ਹਉਮੈ ਅਤੇ ਸਮਾਜਿਕ ਨੈਤਿਕਤਾ ਦੇ ਸਿਧਾਂਤ

## V. ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੇ ਦਰਸ਼ਨ/ਫ਼ਲਸਫ਼ਾ

- **ਇਕ ਓਅੰਕਾਰ** ਦਾ ਅਰਥ ਤੇ ਵਿਸ਼ਵ-ਦ੍ਰਿਸ਼ਟੀ
- ਗੁਰੂ ਨਾਨਕ ਦੇਵ ਜੀ ਦੀ ਸਮਾਜਕ ਸੋਚ —ਕਿਰਤ, ਹੱਕ-ਸੱਚ, ਨਿਆਂ, ਵੰਡ ਛਕਣ, ਬਰਾਬਰਤਾ, ਜਾਤ-ਪਾਤ ਦਾ ਖੰਡਨ, ਸਰਬੱਤ ਦੇ ਭਲੇ ਅਤੇ ਸਰਬ ਸਾਂਝੀਵਾਲਤਾ
- ਗੁਰੂ ਨਾਨਕ ਬਾਣੀ ਵਿਚ ਕੁਦਰਤ ਦਾ ਵਿਸਮਾਦੁ
- ਆਧੁਨਿਕ ਯੁਗ ਵਿਚ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਮਹੱਤਵ/ਗੌਰਵਸ਼ੀਲਤਾ

## VI. ਆਧੁਨਿਕ ਸੰਦਰਭ ਤੇ ਨਵੀਂ ਵਿਆਖਿਆ;

- 21ਵੀਂ ਸਦੀ ਵਿਚ ਸਰਬ-ਧਰਮ ਸੰਵਾਦ ਵਿਚ ਗੁਰੂ ਨਾਨਕ ਚਿੰਤਨ ਦੀ ਭੂਮਿਕਾ
- ਅਜੋਕੇ ਸਮੇਂ ਹਿੰਸਾ, ਅਸਮਾਨਤਾ, ਦਮਨ ਤੇ ਵਿਸ਼ਵੀਕਰਨ ਦੇ ਸੰਕਟਾਂ ਵਿਚ ਗੁਰੂ ਨਾਨਕ ਦੀ ਸੋਚ ਦੀ ਪ੍ਰਸੰਗਿਕਤਾ
- ਸਿੱਖਿਆ ਤੇ ਨੈਤਿਕ ਮਾਡਲ
- ਗੁਰੂ ਨਾਨਕ ਦੇਵ ਜੀ: ਇਕ ਵਿਸ਼ਵ-ਦਾਰਸ਼ਨਿਕ
- ਗੁਰੂ ਨਾਨਕ ਅਤੇ ਉਹਨਾਂ ਦਾ ਸਮਾਂ
- ਗੁਰੂ ਨਾਨਕ ਅਤੇ ਸਾਡਾ ਸਮਾਂ
- ਭਵਿੱਖ ਦੇ ਸਮਿਆਂ ਵਿਚ ਗੁਰੂ ਨਾਨਕ ਚਿੰਤਨ ਦੀ ਗੌਰਵਸ਼ੀਲਤਾ

**ਸੰਪਾਦਕੀ ਨੋਟ :**

ਲੇਖਕਾਂ ਨੂੰ ਬੇਨਤੀ ਹੈ ਕਿ ਉਹ:

- ਆਪਣੀ ਖੋਜ/ਅਧਿਐਨ ਨੂੰ ਉਪਰੋਕਤ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਕੇਂਦਰਤ ਕਰਨ ਦੀ ਖੇਚਲ ਕਰਨ।
- ਪੇਪਰ ਨੂੰ 7-10 ਪੰਨਿਆਂ ਵਿਚ ਰੱਖਣ।
- ਪੇਪਰ ਸਿਰਫ਼ ਰਾਵੀ ਫੌਂਟ, ਸਾਈਜ਼ 12 (ਸਿੰਗਲ ਸਪੇਸ) ਨਾਲ ਟਾਈਪ ਕਰਕੇ sanvadpunjabi@gmail.com ਈਮੇਲ 'ਤੇ ਹੀ ਭੇਜਣ।
- ਪ੍ਰਮੁੱਖ ਸਰੋਤਾਂ *(ਗੁਰੂ ਗ੍ਰੰਥ ਸਾਹਿਬ, ਜਨਮ ਸਾਖੀਆਂ, ਇਤਿਹਾਸਕ ਪਾਠ)* ਤੇ ਆਧੁਨਿਕ ਅਧਿਐਨਾਂ ਦੇ ਖੋਜ ਵਿਧੀ ਅਨੁਸਾਰ ਹਵਾਲੇ ਦੇਣ।

ਨੋਟ:-15 ਜਨਵਰੀ 2026 ਤਕ ਪ੍ਰਾਪਤ ਹੋਏ ਪੇਪਰ ਹੀ ਵਿਚਾਰੇ ਜਾਣਗੇ।